ਦਫਤਰ:-ਉਪ ਮੰਡਲ ਇੰਜੀਨੀਅਰ,ਪ੍ਰਾਂਤਕ ਉਪ ਮੰਡਲ,ਲੋ:ਨਿ:ਵਿ: ਭ ਤੇ ਮ ਸ਼ਾਖਾ,ਫਗਵਾੜਾ ।

ਸੇਵਾ ਵਿਖੇ

ਪ੍ਰਿੰਸੀਪਲ,
ਲੋਰਡ ਮਹਾਵੀਰਾ ਜੈਨ ਪਬਲਿਕ ਸਕੂਲ,
ਫਗਵਾੜਾ (ਕਪੂਰਥਲਾ)।

ਨੰਬਰ:- 156 ਮਿਤੀ:-15-05-2026

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2026-27 ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਪੱਤਰ ਦੇ ਸਬੰਧ ਵਿੱਚ ਨਿਮਨ ਹਸਤਾਖਰ ਕਰਤਾ ਅਤੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਮਿਤੀ **04**-05-2026 ਉਕਤ ਸਕੂਲ /ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਇਹ ਬਿਲਡਿੰਗ ਦੇਖਣ ਵਿੱਚ (ਅੰਡਰ ਨਾਰਮਲ ਕੰਡੀਸ਼ਨ) ਸੁਰੱਖਿਅਤ ਪਾਈ ਗਈ ਹੈ। ਇਸ ਇਮਾਰਤ ਦਾ ਸਾਲ 2026-27 (ਅਪਟੂ 31-03-2027) ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਲਈ ਹੇਠ ਲਿਖਿਆ ਸ਼ਰਤਾ/ ਹਦਾਇਤਾਂ ਸਹਿਤ ਸਿਫਾਰਿਸ਼ ਕੀਤੀ ਜਾਂਦੀ ਹੈ:-

1. ਜੇਕਰ ਇਮਾਰਤ ਵਿੱਚ ਕੋਈ ਤਬਦੀਲ /ਵਧਾਇਆ ਜਾਂ ਘਟਾਇਆ ਜਾਂਦਾ ਹੈ ਤਾਂ ਇਹ ਕੰਮ ਕਿਸੇ ਤਕਨੀਕੀ ਇੰਜੀਨੀਅਰ ਦੀ ਦੇਖ ਰੇਖ ਵਿੱਚ ਹੀ ਕਰਵਾਇਆ ਜਾਵੇ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਨ ਦਾ ਸਰਟੀਫਿਕੇਟ ਫਿਰ ਤੋਂ ਲਿਆ ਜਾਵੇ।
2. ਜੇਕਰ ਬਿਲਡਿੰਗ ਦੀਆਂ ਕੰਧਾ,ਨੀਂਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਅਤੇ ਇਸ ਸੂਰਤ ਵਿੱਚ ਫੌਰੀ ਤੌਰ ਤੇ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਇਆ ਜਾਵੇ ਤਾਂ ਜੋ ਦੇਖਿਆ ਜਾ ਸਕੇ ਕਿ ਬਿਲਡਿੰਗ ਵਰਤੋਂ ਯੋਗ ਹੈ ਜਾਂ ਨਹੀਂ ।
3. ਇਹ ਸਰਟੀਫਿਕੇਟ ਕਿਸੇ ਕੋਰਟ ਕੇਸ ਵਿੱਚ ਵੈਲਿਡ ਨਹੀਂ ਹੋਵੇਗਾ।
4. ਇਹ ਸਰਟੀਫਿਕੇਟ ਬਿਜਲੀ ਦੇ ਕੰਮਾਂ,ਪਾਣੀ ਦੀ ਸਪਲਾਈ ਆਦਿ ਅਤੇ ਸੀਵਰੇਜ ਸਬੰਧੀ ਕੰਮਾਂ ਲਈ ਵੈਧ ਨਹੀ ਹੈ ।
5. ਇਹ ਸਰਟੀਫਿਕੇਟ 31-03-2027 ਜਾਂ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਤੋਂ ਬਾਅਦ ਵੈਲਿਡ ਨਹੀਂ ਹੋਵੇਗਾ।

ਨੱਥੀ/

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ: ਭ ਤੇ ਮ ਸ਼ਾਖਾ,
ਫਗਵਾੜਾ।

ਪਿੰਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ ਨੰ:2, ਲੋ:ਨਿ:ਵਿ: ਭ ਤੇ ਮ ਸ਼ਾਖਾ,ਕਪੂਰਥਲਾ ਜੀ ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ/ਚਲਾਨ ਰਸੀਟ(ਅਸਲ),
ਕੇਸ ਦੀ ਫੋਟੋਕਾਪੀ

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ: ਭ ਤੇ ਮ ਸ਼ਾਖਾ,
ਫਗਵਾੜਾ।